ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-5 ਸ਼ਾਖਾ)

**ਹੁਕਮ**

ਸ਼੍ਰੀ ਤਾਰਾ ਚੰਦ ਸ਼ਰਮਾ, ਹਿੰਦੀ ਮਾਸਟਰ (ਹੁਣ ਜਬਰੀ ਰਿਟਾਇਰ) ਸਰਕਾਰੀ ਮਿਡਲ ਸਕੂਲ ਜਬੋਵਾਲ, ਕੰਪ: ਸਰਕਾਰੀ ਹਾਈ ਸਕੂਲ ਭੀਣ (ਸਭਸ ਨਗਰ), ਪਤਾ ਪਿੰਡ ਤੇ ਡਾਕਖਾਨਾ ਡਘਾਮ, ਤਹਿ: ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ ਵੱਲੋਂ ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ ਦੇ ਹੁਕਮ ਨੰ: 10/56-12ਅ3(1) ਮਿਤੀ 17.09.2014 ਜਿਸ ਰਾਹੀਂ ਉਸ ਨੂੰ ਜਬਰੀ ਰਿਟਾਇਰ ਕਰਨ ਦੀ ਸਜ਼ਾ ਦਿੱਤੀ ਗਈ ਹੈ, ਦੇ ਵਿਰੁੱਧ ਅਪੀਲ ਕੀਤੀ ਗਈ ਹੈ।

2. ਇਹ ਕਿ ਸ਼੍ਰੀ ਤਾਰਾ ਚੰਦ ਸ਼ਰਮਾ, ਹਿੰਦੀ ਮਾਸਟਰ (ਜਬਰੀ ਰਿਟਾਇਰ) ਵੱਲੋਂ ਕੀਤੀ ਗਈ ਅਪੀਲ ਨੂੰ ਵਿਚਾਰਨ ਉਪਰੰਤ ਸਰਕਾਰ ਦੇ ਪੱਤਰ ਨੰ: 3/1/2015-4ਸਿ5/396264/1-3 ਮਿਤੀ 21.01.2015 ਰਾਹੀਂ ਸ਼੍ਰੀ ਤਾਰਾ ਸਿੰਘ, ਹਿੰਦੀ ਮਾਸਟਰ ਨੂੰ ਮਿਤੀ 05.02.2015 ਨੂੰ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਸੁਣਵਾਈ ਦਾ ਮੌਕਾ ਦਿੰਦੇ ਹੋਏ ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਨਾਲ ਹੀ ਡੀ.ਪੀ.ਆਈ. (ਸੈ.ਸਿੱ.), ਪੰਜਾਬ ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.), ਸ਼ਹੀਦ ਭਗਤ ਸਿੰਘ ਨਗਰ ਨੂੰ ਵੀ ਇਸ ਕੇਸ ਵਿੱਚ ਨੋਟਿਸ ਦਿੰਦੇ ਹੋਏ ਮੁਕੰਮਲ ਰਿਕਾਰਡ ਸਮੇਤ ਇਸ ਮਿਤੀ ਨੂੰ ਸੁਣਵਾਈ ਦੌਰਾਨ ਹਾਜ਼ਰ ਹੋ ਕੇ ਇਸ ਕੇਸ ਦੀ ਸਥਿਤੀ ਸਪੱਸ਼ਟ ਕਰਨ ਲਈ ਵੀ ਨੋਟਿਸ ਦਿੱਤਾ ਗਿਆ ਸੀ।

3. ਇਹ ਕਿ ਸ਼੍ਰੀ ਤਾਰਾ ਚੰਦ ਸ਼ਰਮਾ, ਹਿੰਦੀ ਮਾਸਟਰ (ਜਬਰੀ ਰਿਟਾਇਰ), ਡੀ.ਪੀ.ਆਈ. (ਸੈ.ਸਿੱ.), ਪੰਜਾਬ ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.), ਸ਼ਹੀਦ ਭਗਤ ਸਿੰਘ ਨਗਰ ਦੇ ਹਾਜ਼ਰ ਹੋਏ ਨੁਮਾਇੰਦੇ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ ਅਤੇ ਬਿਆਨ ਕੀਤੀ ਗਈ ਸਥਿਤੀ ਇਸ ਪ੍ਰਕਾਰ ਹੈ:-

ੳ) ਉਸ ਨੇ ਡੀ.ਪੀ.ਆਈ. (ਸੈ.ਸਿੱ.), ਪੰਜਾਬ ਦੇ ਹੁਕਮ ਨੰ: 10/56-12 ਅ3(1) ਮਿਤੀ 17.09.2014 ਰਾਹੀਂ ਉਸ ਨੂੰ ਜਬਰੀ ਰਿਟਾਇਰ ਕਰਨ ਦੇ ਕੀਤੇ ਗਏ ਹੁਕਮਾਂ ਦੇ ਵਿਰੁੱਧ ਅਪੀਲ ਕੀਤੀ ਗਈ ਹੈ। ਇਸ ਤੋਂ ਇਲਾਵਾ ਦੱਸਿਆ ਗਿਆ ਕਿ ਡੀ.ਪੀ.ਆਈ. (ਸੈ.ਸਿੱ.), ਪੰਜਾਬ ਵੱਲੋਂ ਨਿਯਮ, 8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ ਜਿਸ ਵਿੱਚ ਵਿਦਿਆਰਥਣ ਨਾਲ ਅਸਲੀਲ ਛੇੜ-ਛਾੜ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਜਿਸ ਦੀ ਮੁੱਢਲੀ ਪੜਤਾਲ ਅਤੇ ਵਿਭਾਗੀ ਪੜਤਾਲ ਕਰਵਾਉਣ ਉਪਰੰਤ ਡੀ.ਪੀ.ਆਈ. (ਸੈ.ਸਿੱ.), ਪੰਜਾਬ ਵੱਲੋਂ ਜਬਰੀ ਰਿਟਾਇਰ ਕੀਤਾ ਗਿਆ ਹੈ ਜੋ ਮੇਰੇ ਨਾਲ ਬੇ-ਇਨਸਾਫੀ ਹੋਈ ਹੈ। ਕਿਉਂ ਜੋ ਮੈਂ ਉਹ ਅਸਲੀਲ ਹਰਕਤ ਕੀਤੀ ਹੀ ਨਹੀਂ ਸੀ। ਇਹ ਸਾਰਾ ਕੰਮ ਮੇਰੇ ਵੱਲੋਂ ਦਬਾਅ ਪਾ ਕੇ ਅਤੇ ਮਾਰਨ ਦੀਆਂ ਧਮਕੀਆਂ ਦੇ ਕੇ ਅਤੇ ਜਬਰਨ ਮੈਨੂੰ ਪਕੜ ਕੇ ਮੇਰੇ ਵੱਲੋਂ ਮੁਆਫੀਨਾਮਾ ਲਿਖਵਾਉਣ ਤੇ ਸ਼ੱਕ ਦੇ ਆਧਾਰ ਤੇ ਇਹ ਸਜ਼ਾ ਦਿੱਤੀ ਗਈ ਹੈ। ਇਸ ਲਈ ਮੈਨੂੰ ਇਹ ਦਿੱਤੀ ਗਈ ਸਜ਼ਾ ਨੂੰ ਮੁਆਫ ਕੀਤਾ ਜਾਵੇ।

ਅ) ਡੀ.ਪੀ.ਆਈ. (ਸੈ.ਸਿੱ.), ਪੰਜਾਬ ਦੇ ਹਾਜ਼ਰ ਹੋਏ ਨੁਮਾਇੰਦੇ ਵੱਲੋਂ ਦੱਸਿਆ ਗਿਆ ਕਿ ਸ਼੍ਰੀ ਤਾਰਾ ਚੰਦ, ਹਿੰਦੀ ਮਾਸਟਰ (ਹੁਣ ਰਿਟਾਇਰਡ) ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ, 8 ਅਧੀਨ ਉਸ ਵੱਲੋਂ ਵਿਦਿਆਰਥਣ ਨਾਲ ਅਸਲੀਲ ਛੇੜ-ਛਾੜ ਕਰਨ ਕਰਕੇ ਅਨੁਸ਼ਾਸ਼ਨੀ ਕਾਰਵਾਈ ਆਰੰਭੀ ਗਈ ਸੀ। ਜਿਸ ਤੇ ਮੁਕੰਮਲ ਪ੍ਰੋਸੀਜਰ ਅਪਣਾਉਂਦੇ ਹੋਏ ਸ਼੍ਰੀ ਤਾਰਾ ਚੰਦ, ਹਿੰਦੀ ਮਾਸਟਰ ਨੂੰ ਉਸ ਦੇ ਵਿਰੁੱਧ ਦੋਸ਼ ਸਿੱਧ ਹੁੰਦੇ ਪਾਏ ਜਾਣ ਕਰਕੇ ਸਰਕਾਰੀ ਸੇਵਾਵਾਂ ਤੋਂ ਮਿਤੀ 31.10.2014 ਨੂੰ ਜਬਰੀ ਰਿਟਾਇਰ ਕਰ ਦਿੱਤਾ ਗਿਆ ਹੈ।

3. ਇਹ ਕਿ ਸ਼੍ਰੀ ਤਾਰਾ ਚੰਦ ਸ਼ਰਮਾ, ਹਿੰਦੀ ਮਾਸਟਰ (ਜਬਰੀ ਰਿਟਾਇਰ) ਸਰਕਾਰੀ ਮਿਡਲ ਸਕੂਲ ਜਬੋਵਾਲ, ਕੰਪ: ਸਰਕਾਰੀ ਹਾਈ ਸਕੂਲ ਭੀਣ (ਸਭਸ ਨਗਰ), ਪਤਾ ਪਿੰਡ ਤੇ ਡਾਕਖਾਨਾ ਡਘਾਮ, ਤਹਿ: ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ ਦੇ ਕੇਸ ਵਿੱਚ ਨਿੱਜੀ ਸੁਣਵਾਈ ਦੌਰਾਨ ਉਕਤ ਰਿਕਾਰਡ ਤੇ ਆਏ ਤੱਥਾਂ ਅਤੇ ਪ੍ਰਾਰਥੀ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ ਅਤੇ ਬਿਆਨ ਕੀਤੀ ਗਈ ਸਥਿਤੀ ਦੇ ਸਨਮੁੱਖ ਇਹ ਪਾਇਆ ਗਿਆ ਕਿ ਉਸ ਵੱਲੋਂ ਸਰਕਾਰੀ ਮਿਡਲ ਸਕੂਲ ਸੁਜੋਂ, ਕੰਪ: ਸਰਕਾਰੀ ਹਾਈ ਸਕੂਲ ਸੂਰਾਪੁਰ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਤੈਨਾਤੀ ਸਮੇਂ ਅੱਠਵੀਂ ਜਮਾਤ ਦੀ ਵਿਦਿਆਰਥਣ ਨਾਲ ਅਸਲੀਲ ਛੇੜ-ਛਾੜ ਕਰਨ ਦੇ ਦੋਸ਼ ਦੇ ਤਹਿਤ ਡੀ.ਪੀ.ਆਈ. (ਸੈ.ਸਿੱ.), ਪੰਜਾਬ ਵੱਲੋਂ ਉਸ ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਂਵਲੀ 1970, ਦੇ ਨਿਯਮਾਂ ਅਧੀਨ ਅਨੁਸ਼ਾਸ਼ਨੀ ਕਾਰਵਾਈ ਕਰਨ ਦਾ ਪਰੌਪਰ ਪ੍ਰੋਸੀਜ਼ਰ ਅਪਣਾਉਂਦੇ ਹੋਏ, ਇਸ ਕੇਸ ਦੇ ਹਰੇਕ ਤੱਥ ਨੂੰ ਵਿਚਾਰਨ ਉਪਰੰਤ ਸ਼੍ਰੀ ਤਾਰਾ ਚੰਦ ਸ਼ਰਮਾ,

ਹਿੰਦੀ ਮਾਸਟਰ (ਰਿਟਾ.) ਨੂੰ ਵਿਭਾਗੀ ਪੜਤਾਲ ਅਤੇ ਮੁੱਢਲੀ ਪੜਤਾਲ ਵਿੱਚ ਕਸੂਰਵਾਰ ਪਾਏ ਜਾਣ ਅਤੇ ਉਸ ਵੱਲੋਂ ਲਿਖਤੀ ਮਾਫੀ ਮੰਗਣ ਕਰਕੇ ਉਸ ਨੂੰ ਨੌਕਰੀ ਤੋਂ ਜਬਰੀ ਰਿਟਾਇਰ ਕੀਤਾ ਗਿਆ ਹੈ। ਸ਼੍ਰੀ ਤਾਰਾ ਚੰਦ ਸ਼ਰਮਾ ਵੱਲੋਂ ਨਿੱਜੀ ਸੁਣਵਾਈ ਦੌਰਾਨ ਅਜਿਹਾ ਕੋਈ ਨਵਾਂ ਤੱਥ ਪੇਸ਼ ਨਹੀਂ ਕੀਤਾ ਗਿਆ ਜਿਸ ਨੂੰ ਮੁੜ ਵਿਚਾਰਿਆ ਜਾਵੇ ਜਾਂ ਜਿਸ ਤੋਂ ਇਹ ਸਿੱਧ ਹੁੰਦਾ ਹੋਵੇ ਕਿ ਉਸ ਵੱਲੋਂ ਅਜਿਹੀ ਅਸਲੀਲ ਹਰਕਤ ਨਹੀਂ ਕੀਤੀ ਗਈ। ਇਸ ਲਈ, ਸ਼੍ਰੀ ਤਾਰਾ ਚੰਦ ਹਿੰਦੀ ਮਾਸਟਰ (ਰਿਟਾ:) ਵੱਲੋਂ ਕੀਤੀ ਗਈ ਅਪੀਲ ਮਿਤੀ 20.12.2014 ਨੂੰ ਰੱਦ ਕਰਦੇ ਹੋਏ ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿ), ਪੰਜਾਬ ਵੱਲੋਂ ਜਾਰੀ ਕੀਤੇ ਗਏ ਹੁਕਮ ਨੰ: 10/56-12ਅ3(1) ਮਿਤੀ 17.09.2014 ਨੂੰ ਬਰਕਰਾਰ ਰੱਖਿਆ ਜਾਂਦਾ ਹੈ।

ਸੀ.ਰਾਊਲ, ਆਈ.ਏ.ਐਸ.,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ (ਸਕੂਲਜ਼)।

ਮਿਤੀ, ਚੰਡੀਗੜ੍ਹ:
05.02.2015

ਪਿੱਠ ਅੰਕ ਨੰ: 3/1/2015-4ਸਿੱ5/ 437028/1-4 ਮਿਤੀ, ਚੰਡੀਗੜ੍ਹ: 13/3/15

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

ਰਜਿ: 1. ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿ.), ਦਫਤਰ: ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ (ਅਜੀਤਗੜ੍ਹ)।

ਰਜਿ: 2. ਮੰਡਲ ਸਿੱਖਿਆ ਅਫਸਰ, ਨਾਭਾ।

ਰਜਿ: 3. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਸ਼ਹੀਦ ਭਗਤ ਸਿੰਘ ਨਗਰ।

ਰਜਿ: 4. ਸ਼੍ਰੀ ਤਾਰਾ ਚੰਦ ਸ਼ਰਮਾ, ਹਿੰਦੀ ਮਾਸਟਰ (ਹੁਣ ਜਬਰੀ ਰਿਟਾਇਰ) ਸਰਕਾਰੀ ਮਿਡਲ ਸਕੂਲ ਜਬੋਵਾਲ, ਕੰਪ: ਸਰਕਾਰੀ ਹਾਈ ਸਕੂਲ ਭੀਣ (ਸਭਸ ਨਗਰ), ਪਤਾ ਪਿੰਡ ਤੇ ਡਾਕਖਾਨਾ ਡਘਾਮ, ਤਹਿ: ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ।

17/3/15

M15

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਅੰਦਰੂਨੀ ਵੰਡ:

1. ਨਿੱਜੀ ਸਕੱਤਰ/ਪ੍ਰ.ਸ.ਸ.ਸਿੱ.ਜੀ।
2. ਪੀ.ਏ./ਵਿ.ਸ.ਸ.ਸਿੱ.(ਗ)।
3. ਡੀ.ਜੀ.ਐਸ.ਈ.ਪੰਜਾਬ, ਵੈਬ ਸਾਈਟ ਤੇ ਪਾਉਣ ਲਈ।
4. ਰਿਕਾਰਡ, ਸਿੱਖਿਆ-5 ਸ਼ਾਖਾ।

No. 8726 16/3/15